# ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ

ਮਨ ਮੇਰੇ ਤਿਨ ਕੀ ਓਟ ਲੇਹਿ ॥

ਮਨੁ ਤਨੁ ਅਪਨਾ ਤਿਨ ਜਨ ਦੇਹਿ ॥

ਇਹ ਪਦਾ ਸ੍ਰੀ ਗੁਰੂ ਅਰਜਨ ਸਾਹਿਬ ਦੀ, ਗਉੜੀ ਰਾਗ ਵਿਚ, ਉਚਾਰਣ ਕੀਤੀ ਬਾਣੀ, ਸੁਖਮਨੀ ਸਾਹਿਬ ਦੀ ੧੯ਵੀਂ ਅਸਟਪਦੀ ਦਾ ੮ਵਾਂ ਪਦਾ ਹੈ। ਸੁਖਮਨੀ ਸਾਹਿਬ ਨਾਂ ਦੀ ਬਾਣੀ ਦਾ ਵਿਸ਼ਾ ਵਸਤੂ, ਇਸ ਬਾਣੀ ਦੀ 'ਰਹਾਉ' ਦੀ ਪੰਕਤੀ ਵਿੱਚ ਹੈ, ਜਿਸ ਵਿਚ ਸਤਿਗੁਰੂ ਜੀ ਨੇ ਬਚਨ ਕੀਤੇ ਹਨ ਕਿ ਪਰਮੇਸ਼ਰ ਦਾ ਅੰਮ੍ਰਿਤਮਈ ਨਾਮ ਭਗਤਾਂ ਦੇ ਹਿਰਦੇ ਵਿਚ ਵਸਦਾ ਹੈ - 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।।ਭਗਤ ਜਨਾ ਕੈ ਮਨਿ ਬਿਸ੍ਰਾਮ।।' ਮੌਜੂਦਾ ਪਦਾ ਵੀ ਇਸੇ ਤਥ ਦੀ ਵਿਆਖਿਆ ਹੈ।

**ਅਰਥ** : ਇਥੇ ਸ੍ਰੀ ਗੁਰੂ ਅਰਜਨ ਸਾਹਿਬ ਫ਼ੁਰਮਾਣ ਕਰ ਰਹੇ ਹਨ ਕਿ ਹੇ ਮੇਰੇ ਮਨ ! ਤੂੰ ਮਨੁਖਾ ਜੀਵਨ ਦੇ ਪਰਮ-ਲਖ਼ਸ਼ ਦੀ ਪ੍ਰਾਪਤੀ ਲਈ ਕਿਸੇ ਅਜਿਹੇ ਭਗਤ ਜਨ ਦਾ ਓਟ ਆਸਰਾ ਲੈ;

ਕਿਵੇਂ ਦੇ ਭਗਤ ਜਨ? ਜੁਆਬ ਅਗਲੀਆਂ ਪੰਕਤੀਆਂ ਵਿਚ ਹੈ ਕਿ ਜਿਸ ਨੇ ਪ੍ਰਭੂ ਨੂੰ ਪਛਾਣ ਲਿਆ ਹੈ।

- - ਇਤਨਾ ਹੀ ਨਹੀਂ, ਆਪਣਾ ਮਨ ਅਤੇ ਤਨ ਅਜਿਹੇ ਹੀ ਜਨ ਨੂੰ ਸੌਂਪ । ਅਜਿਹੇ ਕਿਹੜੇ ਜਨ? ਇਸ ਦਾ ਉਤਰ ਅਗਲੀਆਂ ਪੰਕਤੀਆਂ ਵਿਚ ਹੈ ਜੀ। ਮਹਾਰਾਜ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਵੀ ਅਜਿਹਾ ਹੀ ਉਪਦੇਸ਼ ਦਿੰਦੇ ਹਨ ਕਿ ਜੋ ਖਸਮ ਪ੍ਰਭੂ ਨੂੰ ਪਛਾਣ ਲੈਂਦੇ ਹਨ, ਉਨ੍ਹਾਂ ਨੂੰ ਤਨ ਮਨ, ਅਗੇ ਹੋ ਕੇ, ਦੇ ਦੇਣਾ ਚਾਹੀਦਾ ਹੈ - 'ਖਸਮੁ ਪਛਾਣਹਿ ਆਪਣਾ ਤਨੁ ਮਨੁ ਆਗੈ ਦੇਇ।।' ਪੰਨਾ ੩੮.

ਪੰਚਮ ਪਾਤਸ਼ਾਹ ਦਾ, ਪੰਨਾ ੨੫੬ ਤੇ ਉਪਦੇਸ਼ ਹੈ ਕਿ ਜੋ ਜਨ, ਮੈਨੂੰ, ਪ੍ਰਭੂ ਨਾਲ ਮਿਲਾ ਦਏ, ਮੈਂ ਉਸ ਨੂੰ ਆਪਣਾ ਤਨ ਮਨ ਅਤੇ ਧਨ ਸੌਂਪ ਦਿਆਂ - 'ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ।।'

ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥

ਸੋ ਜਨੁ ਸਰਬ ਥੋਕ ਕਾ ਦਾਤਾ ॥

**ਅਰਥ** : ਅਜਿਹਾ ਜਨ, ਜਿਸ ਨੇ ਆਪਣੇ ਪ੍ਰਭੂ ਨੂੰ ਪਛਾਣ ਲਿਆ ਹੋਵੇ... ਪਾਤਸ਼ਾਹ ਨੇ, ਪੰਨਾ ੫੭੮ ਤੇ ਬਚਨ ਕੀਤੇ ਹਨ ਕਿ ਜਿਸ ਪਰਮੇਸ਼ਰ ਦੇ ਦਾਸ ਨੇ ਉਸ ਨਾਲ ਪਛਾਣ ਪਾ ਲਈ ਹੈ, ਮੈਂ ਉਸ ਤੋਂ ਕੁਰਬਾਨ ਜਾਂਦਾ ਹਾਂ - 'ਹੰਉ ਕੁਰਬਾਣੀ ਦਾਸ ਤੇਰੇ ਜਿਨੀ ਏਕੁ ਪਛਾਤਾ।।' ਸ਼ੇਖ ਫ਼ਰੀਦ ਜੀ ਵੀ ਅਜਿਹੇ ਜਨ ਦੇ ਚਰਣ ਚੁੰਮਣ ਦਾ ਉਪਦੇਸ਼ ਦਿੰਦੇ ਹਨ ਜਿਸ ਨੇ, ਸਚ ਪ੍ਰਭੂ ਨੂੰ, ਪਛਾਣ ਲਿਆ ਹੋਵੇ - 'ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ।।' ਪੰਨਾ ੪੮੮.

- - ...ਜਿਸ ਜਨ ਨੇ ਪ੍ਰਭੂ ਨੂੰ ਜਾਣ ਲਿਆ ਹੋਵੇ, ਉਹ ਸਭ ਵਸਤਾਂ ਦਾ ਥੋਕ ਦਾ (ਪਰਚੂਨ ਦਾ ਨਹੀਂ) ਦਾਤਾ ਬਣ ਜਾਂਦਾ ਹੈ।

ਪਾਤਸ਼ਾਹ, ਸੁਖਮਨੀ ਸਾਹਿਬ ਦੀ ਤੀਜੀ ਅਸਟਪਦੀ ਵਿਚ ਉਪਦੇਸ਼ ਦਿੰਦੇ ਹਨ ਕਿ ਸਾਧੂ ਜਨ ਚਾਰੇ ਪਦਾਰਥਾਂ (ਧਰਮ ਅਰਥ ਕਾਮ ਮੋਖ਼ਸ਼) ਦੇ ਦਾਤੇ ਹੁੰਦੇ ਹਨ। ਇਨ੍ਹਾਂ ਦੀ ਪ੍ਰਾਪਤੀ ਲਈ ਸਾਧ ਜਨਾਂ ਦੀ ਸੇਵਾ ਕਰਨੀ ਬਣਦੀ ਹੈ - 'ਚਾਰਿ ਪਦਾਰਥ ਜੇ ਕੋ ਮਾਗੈ।। ਸਾਧ ਜਨਾ ਕੀ ਸੇਵਾ ਲਾਗੈ।।' ਪਾਤਸ਼ਾਹ ਇਕ ਥਾਂ ਹੋਰ, ਅਜਿਹੇ ਜਨ ਬਾਰੇ ਇੰਞ ਫ਼ੁਰਮਾਣ ਕਰਦੇ ਹਨ - 'ਜਨ ਕੀ ਮਹਿਮਾ ਕਥੀ ਨ ਜਾਇ।। ਪਾਰਬ੍ਰਹਮੁ ਜਨੁ ਰਹਿਆ ਸਮਾਇ।।' ਪੰਨਾ ੧੯੩.

ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥

ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥

**ਅਰਥ** : ਅਜਿਹੇ ਜਨ ਦੀ ਸਰਣ ਵਿਚ ਪੈ ਜਾਣ ਨਾਲ ਸਾਰੇ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਸੁਖਮਨੀ ਸਾਹਿਬ ਵਿਚ ਵੀ ਪੰਜਵੇਂ ਪਾਤਸ਼ਾਹ ਇਸੇ ਤਰ੍ਹਾਂ ਹੀ ਫ਼ੁਰਮਾਣ ਕਰਦੇ ਹਨ - 'ਸਾਧ ਕੈ ਸੰਗਿ ਸਦਾ ਸੁਖੁ ਪਾਵੈ।।', ਪੰਨਾ ੨੭੧.

- - ਇੰਨਾ ਹੀ ਨਹੀਂ, ਸਗੋਂ ਉਸ ਦੇ ਦਰਸ਼ਨ ਮਾਤਰ ਨਾਲ ਮਨੁਖ ਦੇ ਸਾਰੇ ਪਾਪ ਵੀ ਨਾਸ ਹੋ ਜਾਂਦੇ ਹਨ। - 'ਸਾਧੂ ਕੈ ਸੰਗਿ ਪਾਪ ਪਲਾਇਨ।।' ਸੁਖਮਨੀ ਸਾਹਿਬ, ਪੰਨਾ ੨੭੧. ਸਗੋਂ ਸੰਤ ਦੇ ਚਰਨਾਂ ਦੀ ਧੂੜ ਨਾਲ ਕਰੋੜਾਂ, ਨਾ ਮਾਫ਼ ਹੋ ਸਕਣ ਵਾਲੇ ਪਾਪ ਵੀ ਮਿਟ ਜਾਂਦੇ ਹਨ - 'ਸੰਤ ਕੀ ਧੂਰਿ ਮਿਟੇ ਅਘ ਕੋਟ।।' ਪੰਨਾ ੧੮੯.

## ਅਵਰ ਸਿਆਨਪ ਸਗਲੀ ਛਾਡੁ ॥

## ਤਿਸੁ ਜਨ ਕੀ ਤੂ ਸੇਵਾ ਲਾਗੁ ॥

**ਅਰਥ** : ਅਜਿਹੇ ਜਨ ਦੀ ਸੰਗਤਿ ਕਰਨ ਲਈ ਆਪਣੀਆਂ ਸਭ ਸਿਆਣਪਾਂ ਛਡਣੀਆਂ ਬਣਦੀਆਂ ਹਨ।

ਇਤਿਹਾਸ ਗਵਾਹ ਹੈ ਕਿ ਭਾਈ ਲਹਿਣਾ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਸੇਵਾ ਕਰਨ ਲਗਿਆਂ ਕਿਸੇ ਕਿਸਮ ਦੀ ਆਪਣੀ ਸਿਆਣਪ ਬਿਲਕੁਲ ਨਹੀਂ ਵਰਤੀ। ਵਰਨਾ, ਮੁਰਦਾ ਖਾਣ ਲਈ '**ਸਤ ਬਚਨ**' ਨਹੀਂ ਸੀ ਕਹਿ ਹੋਣਾ।

ਇਹੀ ਵਰਤਾਰਾ ਬਾਬਾ ਅਮਰਦਾਸ ਜੀ ਅਤੇ ਭਾਈ ਜੇਠਾ ਜੀ ਵੇਲੇ ਵੀ ਵਾਪਰਿਆ ਅਤੇ ਅਜ ਤਕ ਵਾਪਰ ਰਿਹਾ ਹੈ।

ਅਧਿਆਤਮਕ ਪ੍ਰਾਪਤੀ ਦਾ ਅਧਾਰ, ਕਦੇ ਵੀ, ਕਿਧਰੇ ਵੀ, ਤਰਕ ਨਹੀਂ ਰਿਹਾ। ਜੇ ਦੁਨਿਆਵੀ ਸਿਆਣਪ ਵਿਚ ਹੁੰਦੀ ਤਾਂ ਪੰਜ ਪਿਆਰੇ ਕਦੇ ਸੀਸ ਭੇਟ ਨਾ ਕਰਦੇ। ਪੂਰਾ ਗੁਰ/ਸਿਖ ਇਤਿਹਾਸ ਹੀ ਨਾ ਹੁੰਦਾ। ਸ੍ਰੀ ਗੁਰੂ ਅਰਜਨ ਸਾਹਿਬ ਦਾ ਹੀ, ਪੰਨਾ ੪੪ ਤੇ, ਸਿਆਣਪਾਂ ਬਾਰੇ ਫ਼ੁਰਮਾਣ ਹੈ - 'ਸਭਿ ਸਿਆਣਪਾ ਛਡਿ ਕੈ ਗੁਰ ਕੀ ਚਰਣੀ ਪਾਹੁ।।'

-- ਹੇ ਮੇਰੇ ਮਨ ! ਤੂੰ ਵੀ, ਆਪਣੀਆਂ ਸਾਰੀਆਂ ਸਿਆਣਪਾਂ ਛੱਡ ਕੇ, ਅਜਿਹੇ ਜਨ ਦੀ ਸੇਵਾ ਵਿਚ ਲਗ ਜਾ।

ਇਸੇ ਕਰ ਕੇ, ਅਜਿਹੇ ਪਰਮੇਸ਼ਰ ਦੇ ਜਨ ਦੀ ਸੇਵਾ ਸਦਕਾ, ਭਾਈ ਲਹਿਣਾ ਜੀ, ਸ੍ਰੀ ਗੁਰੂ ਅੰਗਦ ਪਾਤਸ਼ਾਹ ਬਣੇ। ਅਜਿਹੇ ਜਨ, ਜਿਸ ਨੂੰ ਪਾਰਸ ਵੀ ਕਿਹਾ ਗਿਆ ਹੈ, ਦੀ ਸੇਵਾ ਨਾਲ, ਆਮ ਮਨੁਖ ਅਧਿਆਤਮਿਕ ਅਵੱਸਥਾਵਾਂ ਦੇ ਸਿਖ਼ਰਾਂ ਨੂੰ ਛੋਂਹਦੇ ਰਹੇ। ਇਹ ਸਿਲਸਿਲਾ ਹਮੇਸ਼ਾਂ ਤੋਂ ਹੀ ਇੰਞ ਹੀ ਰਿਹਾ ਹੈ ਅਤੇ ਹਮੇਸ਼ਾਂ ਜਾਰੀ ਰਹੇਗਾ। ਸ੍ਰੀ ਗੁਰੂ ਰਾਮਦਾਸ ਸਾਹਿਬ ਦਾ, ੧੬੪ ਪੰਨੇ ਤੇ, ਫ਼ੁਰਮਾਣ ਹੈ ਕਿ ਭਗਤ ਜਨ ਦੀ ਸੇਵਾ ਉਤਮ ਕੰਮ ਹੈ, ਮੈਨੂੰ ਐਸੇ ਭਗਤਾਂ ਦੇ ਦਾਸਾਂ ਦਾ ਦਾਸ ਬਣਾ ਦੇ - 'ਤਿਨ ਦਾਸਨਿ ਦਾਸ ਕਰਹੁ ਹਮ ਰਾਮਾ।। ਜਨ ਕੀ ਸੇਵਾ ਊਤਮ ਕਾਮਾ।।' ਪੰਜਵੇਂ ਪਾਤਸ਼ਾਹ, ਪੰਨਾ ੧੧੯੨ ਤੇ, ਫ਼ੁਰਮਾਣ ਕਰਦੇ ਹਨ ਕਿ ਆਮ ਮਨੁਖ ਦੀ ਸੇਵਾ ਚੰਗੀ, ਭਾਵ, ਸੁਖਦਾਈ ਵੀ ਹੋ ਸਕਦੀ ਹੈ ਅਤੇ ਮਾੜੀ, ਦੁਖਦਾਈ ਵੀ। ਪਰ ਸਾਧੂ ਦੀ ਸੇਵਾ ਸਦਾ ਹੀ ਸੁਖਦਾਈ ਹੀ ਹੁੰਦੀ ਹੈ - 'ਮਾਣਸ ਸੇਵਾ ਖਰੀ ਦੁਹੇਲੀ।। ਸਾਧ ਕੀ ਸੇਵਾ ਸਦਾ ਸੁਹੇਲੀ।।'

ਭਗਤ ਕਬੀਰ ਜੀ ਤਾਂ ਇਥੋਂ ਤਕ ਫ਼ੁਰਮਾਣ ਕਰਦੇ ਹਨ ਕਿ ਜਿਨ੍ਹਾਂ ਘਰਾਂ ਵਿਚ ਸਾਧੂ ਦੀ ਸੇਵਾ ਨਹੀਂ ਹੁੰਦੀ, ਉਥੇ ਹਰੀ ਦੀ ਭਗਤੀ ਵੀ ਸੰਭਵ ਨਹੀਂ। ਅਜਿਹੇ ਘਰ, ਸਾਖ਼ਸ਼ਾਤ, ਸ਼ਮਸ਼ਾਨ ਭੂਮੀ ਹਨ ਅਤੇ ਉਨ੍ਹਾਂ ਵਿਚ ਰਹਿਣ ਵਾਲੇ ਭੂਤ - 'ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ।। ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ।।', ਪੰਨਾ ੧੩੭੪.

## ਆਵਨੁ ਜਾਨੁ ਨ ਹੋਵੀ ਤੇਰਾ ॥

## ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥੮॥੧੭॥

**ਅਰਥ** : ਜਿਨ੍ਹਾਂ ਭਗਤ ਜਨਾਂ ਦੀ ਸੰਗਤਿ ਸਦਕਾ ਤੇਰਾ ਆਉਣ ਜਾਣ, ਭਾਵ, ਜਨਮ ਮਰਨ ਦਾ ਗੇੜ, ਮੁਕ ਜਾਏ...

ਪਾਤਸ਼ਾਹ ਨੇ ਸੁਖਮਨੀ ਸਾਹਿਬ ਵਿਚ ਫ਼ੁਰਮਾਣ ਕੀਤਾ ਹੈ ਕਿ ਜਨਮ ਮਰਣ ਦਾ ਗੇੜ ਤਾਂ ਸਾਧੂ ਹੀ ਕਟ ਸਕਦਾ ਹੈ, ਇਸ ਲਈ ਉਸਦੀ ਸ਼ਰਣ ਲੈਣੀ ਚਾਹੀਦੀ ਹੈ - 'ਜੇ ਕੋ ਜਨਮ ਮਰਣ ਤੇ ਡਰੈ।। ਸਾਧ ਜਨਾ ਕੀ ਸਰਨੀ ਪਰੈ।।'

- - ...ਪੰਜਵੇ ਨਾਨਕ ਫ਼ੁਰਮਾਣ ਕਰਦੇ ਹਨ ਕਿ ਅਜਿਹੇ ਜਨ ਦੇ ਚਰਨ, ਸਦਾ ਹੀ ਪੂਜਣੇ ਚਾਹੀਦੇ ਹਨ।

ਪੰਨਾ ੧੯੩ ਤੇ ਮਹਾਰਾਜ, ਵਾਹਗੁਰੂ ਦੇ ਦਾਸ ਦੀ ਚਰਣਾਂ ਦੀ ਧੂੜ ਮੰਗਦੇ ਹਨ, ਜੋ ਬੜੇ ਭਾਗਾਂ ਨਾਲ ਮਿਲਦੀ ਹੈ - 'ਦਾਸ ਕੀ ਧੂਰਿ ਨਾਨਕ ਕਉ ਦੀਜੈ।।... ਜਨ ਪਗ ਰੇਣੁ ਬਡਭਾਗੀ ਪਾਵੈ।।' ਪੰਨਾ ੧੯੩. ਪਾਤਸ਼ਾਹ, ੨੧੭ ਪੰਨੇ ਤੇ, ਪਰਮਾਤਮਾ ਨੂੰ ਬੇਨਤੀ ਕਰਦੇ ਹਨ ਕਿ ਕਿਰਪਾ ਕਰੋ, ਮੈਂ ਰਾਮ ਦੇ ਪਿਆਰੇ ਦੇ ਚਰਣ ਧੋ ਕੇ ਸੇਵਾ ਕਰਾਂ ਅਤੇ ਹਰ ਤਰ੍ਹਾਂ ਨਾਲ ਉਸ ਪੂਜਣ ਜੋਗ ਦੀ ਪੂਜਾ ਕਰਾਂ - 'ਚਰਣ ਪਖਾਰਿ ਕਰੀ ਨਿਤ ਸੇਵਾ ਜੀਉ।। ਪੂਜਾ ਅਰਚਾ ਬੰਦਨ ਦੇਵਾ ਜੀਉ।।' ਜੋ ਮਨੁਖ ਸਾਧੂ ਜਨਾਂ ਦੀ ਸ਼ਰਣ ਵਿਚ ਢਹਿ ਪੈਂਦੇ ਹਨ, ਪੂਰੀ ਤਰ੍ਹਾਂ ਢਹਿ ਪੈਂਦੇ ਹਨ, ਉਨ੍ਹਾਂ ਦੇ ਜਨਮ ਮਰਨ ਦੇ ਫਾਹੇ ਕਟੇ ਜਾਂਦੇ ਹਨ ਅਤੇ ਪ੍ਰਭੂ ਉਨ੍ਹਾਂ ਨੂੰ ਆਪਣੇ ਵਿਚ ਸਮਾ ਲੈਂਦਾ ਹੈ - 'ਢਹਤ ਢਹਤ ਅਬ ਢਹਿ ਪਰੇ ਸਾਧ ਜਨਾ ਸਰਨਾਇ।। ਦੁਖ ਕੇ ਫਾਹੇ ਕਾਟਿਆ ਨਾਨਕ ਲੀਏ ਸਮਾਇ।।', ਪੰਨਾ ੨੫੬.

2.10.2020